# ਦਫਤਰ ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।

ਸੇਵਾ ਵਿਖੇ,

ਭੌਂ ਪ੍ਰਾਪਤੀ ਕੁਲੈਕਟਰ,
ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ,
ਐਸ.ਏ.ਐਸ.ਨਗਰ।

ਪੱਤਰ ਨੰਬਰ- 362 /ਜਨਰਲ ਸ਼ਾਖਾ-1 ਮਿਤੀ- 19/2/2025

ਵਿਸ਼ਾ- **Acquisition of Missing Khasra number of 200* wide PR7 Road from Sector 74 to Kharar National Highway Number 21 in the area of Tehsil Mohali, Distt. SAS Nagar.**

ਹਵਾਲਾ- ਆਪ ਦੇ ਮੀਮੋ ਨੰਬਰ. ਐਲ.ਏ.ਸੀ.-2025/439 ਮਿਤੀ 3/02/2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਮੰਗੀ ਗਈ ਪ੍ਰਵਾਨਗੀ Right to fair Compensation and Transparency in Land Acquistion, Rehabilitation and Resettlement Act, 2013 ਦੇ ਸੈਕਸ਼ਨ 18 ਵਿੱਚ ਦਰਜ ਨਿਯਮਾਂ ਤੇ ਸ਼ਰਤਾਂ ਅਨੁਸਾਰ ਦਿੱਤੀ ਜਾਂਦੀ ਹੈ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਹਰਪ੍ਰੀਤ ਸਿੰਘ
ਸੁਪਰਡੰਟ ਗ੍ਰੇਡ-2,
ਵਾ: ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।

Scanned with OKEN Scanner

# ਕਾਰਜਕਾਰੀ ਸੰਖੇਪ

## 0.1. ਪ੍ਰੋਜੈਕਟ ਅਤੇ ਲੋਕ ਭਲਾਈ ਮੰਤਵ

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਆਧੁਨਿਕ ਰੂਪ ਰੇਖਾ ਦੇ ਨਾਲ ਵਿਸ਼ਵ ਪੱਧਰੀ ਸ਼ਹਿਰੀ ਯੋਜਨਾ ਅਤੇ ਵਿਕਾਸ ਦੇ ਕੰਮ ਵਿਚ ਕਾਰਜਰਤ ਹੈ। ਸਾਹਿਬ ਾਦਾ ਅਜੀਤ ਸਿੰਘ ਨਗਰ ਦੀ ਯੋਜਨਾ ਖੇਤਰ ਵਿਚ ਘਰੇਲੂ ਕਲੋਨੀਆਂ ਦੇ ਨਾਲ-ਨਾਲ ਵਪਾਰਕ ਅਤੇ ਮਿਸ਼ਰਿਤ ਵਿਕਾਸ ਆਦਿ ਸ਼ਾਮਿਲ ਹਨ। ਗਮਾਡਾ ਨੇ ਪਹਿਲਾਂ ਤੋਂ ਹੀ ਐਰੋਸਿਟੀ, ਆਈ.ਟੀ.ਸਿਟੀ ਲਈ ਯੋਜਨਾ ਬੱਧ ਵਿਕਾਸ ਦੀ ਨੀਂਹ ਤਿਆਰ ਕਰ ਲਈ ਹੈ। ਐਰੋਸਿਟੀ ਦੀ ਯੋਜਨਾ ਮੁੰਕਮਲ ਹੈ ਅਤੇ ਆਈ.ਟੀ.ਸਿਟੀ ਦੀ ਯੋਜਨਾ ਅਗੇਤੇ ਚਰਨਾਂ ਵਿਚ ਪਹੁੰਚ ਗਈ ਹੈ। ਗਮਾਡਾ ਨੇ ਐਸ.ਏ.ਐਸ. ਨਗਰ ਸੈਕਟਰ-74 ਤੋਂ ਖਰੜ ਨੈਸ਼ਨਲ ਹਾਇਵੇ ਨੰਬਰ 21 ਲਈ ਉਸਾਰੀ ਗਈ 200 ਫੁੱਟ ਚੌੜੀ ਪੀ.ਆਰ. 7 ਦੇ ਮਿਸਿੰਗ ਖਸਰਿਆਂ ਦੀ ਭੌਂ ਪ੍ਰਾਪਤ ਕਰਨ ਸਬੰਧੀ ਯੋਜਨਾ ਤਿਆਰ ਕੀਤੀ ਹੈ। ਇਸ ਮੰਤਵ ਲਈ ਤਹਿਸੀਲ ਮੋਹਾਲੀ ਜਿਲ੍ਹਾ ਐਸ.ਏ.ਐਸ. ਨਗਰ ਦੇ ਇੱਕ ਪਿੰਡ (ਬਲਿਆਲੀ) ਜਿਸ ਦਾ ਕੁੱਲ ਰਕਬਾ 4 ਕਨਾਲ 8 ਮਰਲੇ ਹੈ, ਪ੍ਰਾਪਤ ਕੀਤਾ ਜਾਣਾ ਹੈ।

## 0.2 ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ:-

ਇਹ ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ RFCTLARR ACT, 2013 ਦੀ ਧਾਰਾ 16 ਦੇ ਅਨੁਸਾਰ ਤਿਆਰ ਕੀਤੀ ਗਈ ਹੈ। ਇਸ ਸਕੀਮ ਹਿੱਤ ਨਿਮਨ ਵਿਧੀ ਨੂੰ ਅਪਣਾਇਆ ਗਿਆ ਹੈ।

i) **ਮੱਰਦਮ ਸ਼ੁਮਾਰੀ ਸਰਵੇਖਣ** (Census Survey): ਮਰਦਮ ਸ਼ੁਮਾਰੀ ਸਰਵੇ ਨਵੰਬਰ 2014 ਵਿੱਚ ਜਮੀਨ ਅਤੇ ਮਕਾਨਾਤ ਦੇ ਸਰਵੇਖਣ ਅੰਤਿਮ ਰੂਪ ਰੇਖਾ (Alignment) ਅਤੇ ਜਮੀਨ ਦੇ ਸਮੁੱਚੇ ਸਰਵੇਖਣ ਕੀਤਾ ਗਿਆ। ਇਹ ਸਰਵੇਖਣ ਵਿੱਚ ਅਸਲ ਪ੍ਰਭਾਵ ਜਮੀਨ ਦਾ ਖੁੱਸ ਜਾਣਾ ਹੈ।

ii) **ਜਮੀਨ ਦੇ ਮਾਲਕ ਨਾਲ ਵਿਚਾਰ ਵਟਾਂਦਰਾ ਅਤੇ ਜਨਤਕ ਸੁਣਵਾਈ:** ਜਦੋਂ ਇਹ ਆਰ ਐਂਡ ਆਰ ਸਕੀਮ ਤਿਆਰ ਕੀਤੀ ਗਈ ਤਾਂ ਜੋ ਮੁੱਦਿਆਂ ਨੂੰ ਧਿਆਨ ਵਿੱਚ ਰੱਖਿਆ ਗਿਆ ਉਹ ਇਸ ਤਰ੍ਹਾਂ ਸਨ, ਪਿੰਡ ਦੇ ਪੱਧਰ ਤੇ ਅਤੇ ਨਿੱਜੀ ਤੌਰ ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਪੇਂਡੂ ਸਤੱਰ ਉੱਤੇ ਮਹੱਤਵਪੂਰਨ ਮੁੱਦੇ (But not limited) ਵਿਚਾਰੇ ਗਏ। ਉਹਨਾਂ ਵਿੱਚੋਂ ਮੁੱਖ ਮੁੱਦੇ ਸਨ, ਭੌਂ ਪ੍ਰਾਪਤੀ

Scanned with OKEN Scanner

ਦਾ ਲੋਕਾਂ ਦੇ ਜੀਵਨ ਨਿਰਵਾਹ ਉੱਤੇ ਪ੍ਰਭਾਵ, RFCTLARR ACT, 2013 ਤਹਿਤ ਮੁਆਵਜ਼ਾ, ਨਿਸ਼ਕਰਸ਼, ਸੁਝਾਅ ਅਤੇ ਜਨਤਕ ਰਾਏ ਤੇ ਆਰ ਐਂਡ ਆਰ ਸਕੀਮ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਮਿਤੀ 07.01.2025 ਨਿਸ਼ਚਿਤ ਕੀਤੀ ਗਈ ਸੀ, ਜਿਸ ਦੀ ਸੂਚਨਾ ਸਬੰਧਤ ਪੰਚਾਇਤ ਨੂੰ ਪੱਤਰ ਰਾਹੀਂ ਦਿੱਤੀ ਗਈ ਸੀ। ਇਸ ਮਿੱਥੀ ਮਿਤੀ ਨੂੰ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਸੈਕਟਰ-76 ਜਿਲ੍ਹਾ ਐਸ. ਏ. ਐਸ. ਨਗਰ ਵਿਖੇ ਮਿਤੀ 07.01.2025 ਸਮਾਂ 11:00 ਵਜੇ ਜਨਤਕ ਸੁਣਵਾਈ ਕਰਨ ਉਪਰੰਤ ਯੋਜਨਾ ਬਣਾਈ ਗਈ। ਇਹ ਦੱਸਿਆ ਜਾਂਦਾ ਹੈ ਕਿ ਲੋਕਾਂ ਦੇ ਉਕਤ ਸਬੰਧੀ ਕੋਈ ਵੱਡੇ ਮੁੱਦੇ ਨਹੀਂ ਸਨ। ਕਿਉਂ ਜੋ ਭੌਂ ਪ੍ਰਾਪਤ ਕੀਤੇ ਬਿਨ੍ਹਾਂ ਹੀ ਗਮਾਡਾ ਨੇ ਸੜਕ ਉਸਾਰ ਲਈ ਹੈ ਇਸਲਈ ਭੌਂ ਮਾਲਕਾਂ ਵੱਲੋਂ ਪ੍ਰਸਤਾਵਿਤ ਪ੍ਰੋਜੈਕਟ ਦੀ ਭੌਂ ਪ੍ਰਾਪਤੀ ਦੇ ਹੱਕ ਵਿੱਚ ਹੁੰਗਾਰਾ ਭਰਿਆ ਗਿਆ ਹੈ। ਉਲੀਕੀ ਗਈ ਯੋਜਨਾ ਸਬੰਧੀ ਮਰਦਮ ਸ਼ੁਮਾਰੀ (Census Survey) ਦੇ ਨਿਸ਼ਰਕਸ਼ਾਂ ਮੁਤਾਬਿਕ ਸਕੀਮ ਦੇ ਸਰਵੇਖਣ ਦੀ ਤਫਸੀਲ ਨਿਮਨ ਅਨੁਸਾਰ ਹੈ:-

| ਲੜੀ ਨੰਬਰ | ਵਸਤੂਆਂ ਦੇ ਵੇਰਵੇ | ਪ੍ਰਭਾਵ | ਆਰ ਐਂਡ ਆਰ ਸਕੀਮ ਤਹਿਤ ਦਿੱਤਾ ਜਾਣ ਵਾਲਾ ਲਾਭ |
|---|---|---|---|
| 1 | ਅਚੱਲ ਸੰਪਤੀ ਦੇ ਵੇਰਵੇ:-<br>(1) ਮਕਾਨ ਅਤੇ ਡਾਇਰੀ ਫਾਰਮ<br>(2) ਫਲਦਾਰ ਅਤੇ ਗੈਰ ਦਰਖੱਤ, ਜੇਕਰ ਕੋਈ ਹੈ ਤਾਂ ਮੌਕੇ ਦੀ ਗਿਣਤੀ ਕਰਕੇ ਸਬੰਧਤ ਤਕਨੀਕੀ ਵਿਭਾਗਾਂ ਨੂੰ ਭੇਜੀ ਜਾਵੇਗੀ। | | RFCTLARR ACT, 2013 ਦੇ ਅਨੁਸਾਰ ਮੁਆਵਜਾ ਦਿੱਤਾ ਜਾਵੇਗਾ। |
| 2(a) | ਜਮੀਨ ਦੇ ਖੁਸਣ ਨਾਲ ਰੋਜੀ ਰੋਟੀ ਦੇ ਸਾਧਨਾਂ ਦਾ ਖੁੱਸ ਜਾਣਾ। | ਜਮੀਨ ਦੇ ਨੁਕਸਾਨ ਕਰਕੇ ਰੋਜੀ ਰੋਟੀ ਦੇ ਸਾਧਨ ਪ੍ਰਭਾਵਿਤ ਹੋਏ ਹਨ। | ਹਰ ਇੱਕ ਪ੍ਰਭਾਵਿਤ ਪਰਿਵਾਰ ਨੂੰ ਪ੍ਰਸਤਾਵਿਤ ਪ੍ਰੋਜੈਕਟ ਰਾਹੀਂ ਆਰ ਐਂਡ ਆਰ ਤਹਿਤ 500000/- ਰੁਪਏ ਦੀ ਮੱਦਦ ਦਿੱਤੀ ਜਾਵੇਗੀ। |
| 2(b) | ਬੇ-ਜਮੀਨੇ ਲੋਕ ਜਿਹਨਾਂ ਦੀ ਰੋਜੀ ਰੋਟੀ ਦਾ ਮੁੱਢਲਾ ਸਾਧਨ ਪ੍ਰਭਾਵਿਤ ਹੋਇਆ ਹੈ। | ਕੋਈ ਨਹੀਂ। | ਕੋਈ ਨਹੀਂ। |

Scanned with OKEN Scanner

| | | | |
|---|---|---|---|
| 3 | ਜਨਤਕ ਸਥਾਨਾਂ/ਸਰਕਾਰੀ ਇਮਾਰਤਾਂ ਦੀ ਗਿਣਤੀ | ਸਿੱਧੇ ਤੌਰ ਤੇ ਪ੍ਰਭਾਵਿਤ ਨਹੀਂ। | ---- |
| 4 | ਜਗ੍ਹਾ, ਸਥਾਨਾਂ ਅਤੇ ਮੁੱਢਲਿਆਂ ਸਹੂਲਤਾਂ ਦੇ ਵੇਰਵੇ। | ---- | ---- |
| 5 | ਸਾਂਝੀ ਸੰਪਤੀ ਦਾ ਵੇਰਵਾ | ਗ੍ਰਾਮ ਪੰਚਾਇਤ ਦੇਹ | ਜਮੀਨ ਉਪਰ ਸੜ੍ਹਕ ਬਣਨ ਨਾਲ ਜਰੂਰਤ ਦੀਆਂ ਚੀਜਾਂ ਤੱਕ ਪਹੁੰਚਣ ਦਾ ਸਤੱਰ ਉੱਚਾ ਹੋਣਾ। |
| 6 | ਪਲਾਟਾਂ ਦਾ ਐਕੂਜਿਸ਼ਨ ਤੋਂ ਬੱਚ ਗਿਆ ਕੁਝ ਹਿੱਸਾ ਜਾਂ ਪਲਾਟ ਦੇ ਮੱਧ ਵਿੱਚੋਂ ਐਕੂਜਿਸ਼ਨ ਹੋਣ ਕਾਰਣ ਆਸੇ-ਪਾਸੇ ਬੱਚੇ ਦੋ-ਫਾੜ ਟੁਕੜੀਆਂ ਵਾਲੀ ਜਮੀਨ। | | RFCTLARR ACT, 2013 ਦੇ ਅਨੁਸਾਰ ਮੁਆਵਜਾ ਦਿੱਤਾ ਜਾਵੇਗਾ। |

ਐਕਟ ਦੀ ਧਾਰਾ 16(2) ਤਹਿਤ ਉਲੀਕੀ ਗਈ ਸਕੀਮ ਵਿੱਚ ਸਰਕਾਰੀ ਇਮਾਰਤਾਂ ਅਤੇ ਜਨਤਕ ਸੰਪਤੀਆਂ ਦਾ ਵੇਰਵਾ ਪੂਨਰਵਾਸ ਏਰੀਏ ਵਿੱਚ ਦਿੱਤਾ ਜਾਵੇਗਾ।

Scanned with OKEN Scanner

## ਆਰ.ਐਂਡ. ਆਰ. ਸਕੀਮ ਦੇ ਲਾਗੂ ਕਰਨ ਸਬੰਧੀ ਸਮੇਂ ਦਾ ਅੰਦਾਜਨ ਸਡਿਊਲ

| ਲੜੀ ਨੰ | ਕਾਰਜ | ਸਮੇਂ ਸੀਮਾ |
|---|---|---|
| 1. | ਆਰ.ਐਂਡ.ਆਰ. ਸਕੀਮ ਦੀ ਤਿਆਰੀ | 20-12-2024 |
| 2. | ਨਿੱਜੀ ਮਾਲਕੀ ਦੀ ਤਿਆਰੀ/ਆਰ.ਐਂਡ ਆਰ. ਸਕੀਮ ਦਾ ਮਾਈਕਰੋ ਪਲੈਨ | 27-12-2024 |
| 3. | ਆਰ. ਐਂਡ ਆਰ. ਅਵਾਰਡ ਦਾ ਐਲਾਨ | 31-10-2025 |
| 4. | ਆਰ.ਐਂਡ.ਆਰ.ਸਹੂਲਤ ਦੀ ਵੰਡ | 31-12-2025 |

Hardeep Singh

Scanned with OKEN Scanner